# ਨਸਲਵਾਦ ਵਿਰੋਧੀ ਪਹਿਲ ਕਦਮੀ 'ਚ ਸ਼ਾਮਲ ਹੋਣਾ - ਵੈੱਬਸਾਈਟ ਸਮੱਗਰੀ

## ਨਸਲਵਾਦ ਵਿਰੋਧੀ ਪਹਿਲ ਕਦਮੀ ਦੀ ਸੰਖੇਪ ਜਾਣਕਾਰੀ

### ਇਹ ਸ਼ਮੂਲੀਅਤ (ਇਨਗੇਜਮੈਂਟ) ਕਾਹਦੇ ਬਾਰੇ ਹੈ?

ਬੀ ਸੀ, ਸੰਸਥਾਤਮਕ ਨਸਲਵਾਦ (ਸਿਸਟੈਮਿਕ ਰੇਸਿਜ਼ਮ), ਨਫਰਤ ਅਤੇ ਭੇਦਭਾਵ ਦਾ ਸਾਹਮਣਾ ਕਰਨ ਲਈ ਅਤੇ ਸੂਬੇ ਨੂੰ ਹੋਰ ਬਰਾਬਰਤਾ ਅਤੇ ਅਪਣੱਤ ਵਾਲਾ ਬਣਾਉਣ ਲਈ ਅਤੇ ਨਸਲ, ਚਮੜੀ ਜਾਂ ਧਾਰਿਮਕ ਵਿਸ਼ਵਾਸ ਨੂੰ ਅਣਡਿਠ ਕਰਕੇ ਹਰ ਕਿਸੇ ਨੂੰ ਜੀਅ ਆਇਆਂ ਕਹਿਣ ਵਾਲੀ ਨੀਤੀ ਲਿਆ ਰਹੀ ਹੈ ਜਿਸ ਅਨੁਸਾਰ ਪੁਲਸ, ਸਿਹਤ ਸੰਭਾਲ ਅਤੇ ਸਿੱਖਿਆ ਵਰਗੇ ਖੇਤਰਾਂ ਵਿਚ ਨਸਲਵਾਦ ਖਤਮ ਕਰਨ ਦੇ ਇਰਾਦੇ ਨਾਲ ਅਧੁਨਿਕ ਬਣਾਉਣ ਲਈ ਨਸਲਵਾਦ ਵਿਰੋਧੀ ਡਾਟਾ ਕਾਨੂੰਨ ਬਣਾ ਰਹੀ ਹੈ।

ਪ੍ਰੀਮੀਅਰ ਜਾਹਨ ਹੋਰਗਨ ਨੇ ਨਸਲਵਾਦ ਵਿਰੋਧੀ ਪਹਿਲ ਕਦਮੀ ਲਈ ਸੰਸਦੀ ਸਕੱਤਰ, ਰਚਨਾ ਸਿੰਘ ਨੂੰ ਇਹ ਜ਼ਿੰਮੇਵਾਰੀ ਸੌਂਪੀ ਹੈ ਕਿ ਉਹ ਨਸਲਵਾਦ ਦੇ ਮਸਲੇ ਵੱਲ ਧਿਆਨ ਦੇਵੇ ਅਤੇ ਬੀ ਸੀ ਨੂੰ ਹਰ ਕਿਸੇ ਲਈ ਹੋਰ ਬਰਾਬਰਤਾ ਵਾਲਾ ਅਤੇ ਜੀਅ ਆਇਆਂ ਨੂੰ ਕਹਿਣ ਵਾਲਾ ਸੂਬਾ ਬਣਾਵੇ:

- ਬੀ ਸੀ ਦੇ ਮਨੁੱਖੀ ਅਧਿਕਾਰਾਂ ਦੇ ਨਵੇਂ ਕਮਿਸ਼ਨਰ, ਇੰਡਿਜਨਸ ਆਗੂਆਂ ਅਤੇ ਹਿੱਸੇਦਾਰਾਂ ਨਾਲ ਮਿਲ ਕੇ ਅਜਿਹਾ ਕਾਨੂੰਨ ਪੇਸ਼ ਕਰਨ ਲਈ ਕੰਮ ਕਰੇ ਜਿਹੜਾ **ਸੰਸਥਾਤਮਕ** ਭੇਦਭਾਵ ਨੂੰ ਘਟਾਉਣ ਵਿੱਚ ਸਹਾਇਤਾ ਕਰੇਗਾ ਅਤੇ ਪੁਲਸ, ਸਿਹਤ ਸੰਭਾਲ ਅਤੇ ਸਿੱਖਿਆ ਵਰਗੇ ਖੇਤਰਾਂ ਦਾ ਆਧੁਨਿਕੀਕਰਨ ਕਰਨ ਲਈ ਜ਼ਰੂਰੀ ਨਸਲਵਾਦ ਵਿਰੋਧੀ ਡਾਟਾ ਕਾਨੂੰਨ ਲਈ ਰਾਹ ਤਿਆਰ ਕਰੇਗਾ।

**ਨਸਲਵਾਦ ਵਿਰੋਧੀ ਡਾਟਾ ਕਾਨੂੰਨ**

ਇਹ ਜਾਨਣ ਲਈ ਕਿ ਕਿੱਥੇ ਘਾਟਾਂ ਅਤੇ ਰੁਕਾਵਟਾਂ ਮੌਜੂਦ ਹਨ ਨਸਲਵਾਦ ਵਿਰੋਧੀ ਜਾਣਕਾਰੀ ਇਕੱਤਰ (ਡਾਟਾ ਕੁਲੈਕਸ਼ਨ) ਕਰਨਾ ਤਾਂਕਿ ਅਸੀਂ ਭਾਈਚਾਰਿਆਂ ਵਾਸਤੇ ਬਿਹਤਰ ਸੇਵਾਵਾਂ ਮੁਹੱਈਆ ਕਰ ਸਕੀਏ।

ਇਸ ਸ਼ਮੂਲੀਅਤ ਬਾਰੇ ਹੋਰ ਜਾਣੋ

### ਸੰਬੰਧਤ ਪਹਿਲ ਕਦਮੀਆਂ

**ਅਫਰੀਕੀ ਮੂਲ ਦੇ ਲੋਕਾਂ ਵਾਸਤੇ ਅੰਤਰਰਾਸ਼ਟਰੀ ਦਹਾਕਾ (International Decade for People of African Descent -IDPAD)**

ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਕਾਲੇ ਲੋਕਾਂ ਨਾਲ ਹੁੰਦੇ ਨਸਲਵਾਦ ਵਿਰੁੱਧ ਲੜਨ ਅਤੇ ਅਫਰੀਕੀ ਮੂਲ ਦੇ ਲੋਕਾਂ ਲਈ ਅੰਤਰਰਾਸ਼ਟਰੀ ਦਹਾਕੇ ਦਾ ਐਲਾਨ ਕਰਨ ਲਈ ਵਚਨਬੱਧ ਹੈ। ਇਸ ਐਲਾਨ ਦੇ ਨਾਲ ਭਾਈਚਾਰੇ ਲਈ ਠੋਸ ਸਮਾਧਾਨਾਂ ਦਾ ਆਉਣਾ ਜ਼ਰੂਰੀ ਹੈ। IDPAD ਬਾਰੇ ਅਤੇ ਤੁਸੀਂ ਕਿਵੇਂ ਸ਼ਾਮਲ ਹੋ ਸਕਦੇ ਹੋ ਬਾਰੇ ਹੋਰ ਜਾਣੋ।

ਇਸ ਸ਼ਮੂਲੀਅਤ ਬਾਰੇ ਹੋਰ ਜਾਣੋ

### ਪ੍ਰਾਜੈਕਟ ਲੀਡ



**ਰਚਨਾ ਸਿੰਘ**
ਨਸਲਵਾਦ ਵਿਰੋਧੀ ਪਹਿਲ ਕਦਮੀ ਲਈ ਸੰਸਦੀ ਸਕੱਤਰ

ਰਚਨਾ ਸਿੰਘ ਮਈ 2017 ਵਿੱਚ ਸਰੀ-ਗਰੀਨ ਟਿੰਬਰਜ਼ ਲਈ ਵਿਧਾਇਕ ਵਜੋਂ ਚੁਣੀ ਗਈ ਅਤੇ ਅਕਤੂਬਰ 2020 ਵਿੱਚ ਫੇਰ ਚੁਣੀ ਗਈ। ਉਹ ਨਸਲਵਾਦ ਵਿਰੋਧੀ ਪਹਿਲ ਕਦਮੀ ਲਈ ਸੰਸਦੀ ਸਕੱਤਰ ਹੈ।

ਰਚਨਾ ਸਿੰਘ ਦਾ ਛੋਟੇ ਬੱਚਿਆਂ ਵਾਲਾ ਪਰਿਵਾਰ ਹੈ। ਉਹ ਡਰੱਗ ਐਂਡ ਅਲਕੋਹਲ ਕਾਉਂਸਲਰ ਵਜੋਂ ਕੰਮ ਕਰਦੀ ਰਹੀ ਹੈ, ਘਰੇਲੂ ਹਿੰਸਾ ਦੀਆਂ ਸ਼ਿਕਾਰ ਔਰਤਾਂ ਵਾਸਤੇ ਸਪੋਰਟ ਵਰਕਰ, ਅਤੇ ਇੱਕ ਕਮਿਊਨਿਟੀ ਐਕਟਵਿਸਟ ਵਜੋਂ ਸਰਗਰਮ ਰਹੀ ਹੈ।

## ਨਸਲਵਾਦ ਵਿਰੋਧੀ ਡਾਟਾ ਕਾਨੂੰਨ

### ਬੀ ਸੀ ਦੇ ਨਸਲਵਾਦ ਵਿਰੋਧੀ ਡਾਟਾ ਕਾਨੂੰਨ ਨੂੰ ਬਣਾਉਣ ਵਿੱਚ ਸਾਡੀ ਸਹਾਇਤਾ ਕਰੋ

ਸੰਸਥਾਤਮਕ ਨਸਲਵਾਦ ਹਰ ਥਾਂ ਮੌਜੂਦ ਹੈ ਸਣੇ ਸਰਕਾਰੀ ਨੀਤੀਆਂ ਅਤੇ ਪਰੋਗਰਾਮਾਂ ਵਿਚ। ਇਸ ਕਰਕੇ ਸਾਨੂੰ ਇਹ ਯਕੀਨੀ ਬਣਾਉਣ ਵਾਸਤੇ ਬਿਹਤਰ ਜਾਣਕਾਰੀ ਦੀ ਲੋੜ ਹੈ ਤਾਂਕਿ ਬ੍ਰਿਟਿਸ਼ ਕੋਲੰਬੀਆ 'ਚ ਰਹਿੰਦਾ ਹਰ ਵਿਅਕਤੀ ਇਹਨਾਂ ਸੇਵਾਵਾਂ ਤੱਕ ਦੇ ਬੇਰੋਕ ਪਹੁੰਚ ਕਰ ਸਕੇ।

ਇਹ ਜਨਤਕ ਮਸ਼ਵਰਾ ਸਾਨੂੰ ਮੌਜੂਦਾ ਘਾਟਾਂ ਅਤੇ ਰੁਕਾਵਟਾਂ ਦੀ ਬਿਹਤਰ ਪਛਾਣ ਕਰਨ ਅਤੇ ਆਪਣੇ ਸੂਬੇ ਨੂੰ ਸਾਰਿਆਂ ਵਾਸਤੇ ਬਰਾਬਰਤਾ ਵਾਲਾ ਸੂਬਾ ਬਣਾਉਣ ਵਿੱਚ ਸਹਾਇਤਾ ਕਰੇਗਾ।

**ਸ਼ਮੂਲੀਅਤ ਟਾਈਮਲਾਈਨ:** ਸਰਵੇਖਣ 31 ਜਨਵਰੀ, 2022 ਤੱਕ ਖੁੱਲ੍ਹਾ ਹੈ

[ਅਨੁਭਵ ਸਬੰਧੀ ਸਰਵੇ 'ਚ ਹਿੱਸਾ ਲਵੋ]

ਅਸੀਂ ਜਾਣਦੇ ਹਾਂ ਕਿ ਨੀਤੀਆਂ ਅਤੇ ਪ੍ਰੋਗਰਾਮਾਂ ਵਿੱਚ ਸੰਸਥਾਤਮਕ ਨਸਲਵਾਦ ਮੌਜੂਦ ਹੈ, ਅਤੇ ਇਸਦਾ ਲੋਕਾਂ ਅਤੇ ਭਾਈਚਾਰਿਆਂ ਉੱਪਰ ਅਸਰ ਨਾਂਹ-ਪੱਖੀ ਹੁੰਦਾ ਹੈ। ਇਹ ਕਾਨੰ ਨ ਯਕੀਨੀ ਬਣਾਏਗਾ ਕਿ `ਵਾਵਾਂ ਸਮਾਨ ਢੰਗ ਨਾਲ ਮੁਹੱਈਆ ਕੀਤੀਆਂ ਜਾਂਦੀਆਂ ਹਨ ਅਤੇ ਭਾਈਚਾਰੇ ਆਪਣਾ ਪੱਖ ਠੀਕ ਤਰ੍ਹਾਂ ਨਾਲ ਪੇਸ਼ ਕਰ ਸਕਣ।

ਇਸ ਕਰਕੇ ਪ੍ਰੀਮੀਅਰ ਜਾਹਨ ਹੋਰਗਨ ਨੇ ਨਸਲਵਾਦ ਵਿਰੋਧੀ ਪਹਿਲ ਕਦਮੀ ਲਈ ਸੰਸਦੀ ਸਕੱਤਰ, ਰਚਨਾ ਿਘਨੰ ਇਹ ਜ਼ਿੰਮੇਵਾਰੀ ਸੌਂਪੀ ਹੈ ਕਿ ਉਹ ਨਸਲਵਾਦ ਦੇ ਮਸਲੇ ਵੱਲ ਧਿਆਨ ਦੇਵੇ ਅਤੇ ਬੀ ਸੀ ਨੂੰ ਹਰ ਕਿਸੇ ਲਈ ਹੋਰ ਬਰਾਬਰਤਾ ਵਾਲਾ ਅਤੇ ਜੀਅ ਆਇਆਂ ਨੂੰ ਕਹਿਣ ਵਾਲਾ ਸੂਬਾ ਬਣਾਵੇ:

- ਬੀ ਸੀ ਦੇ ਮਨੁੱਖੀ ਅਧਿਕਾਰਾਂ ਦੇ ਨਵੇਂ ਕਮਿਸ਼ਨਰ, ਇੰਡਿਜਨਸ ਆਗੂਆਂ ਅਤੇ ਹਿੱਸੇਦਾਰਾਂ ਨਾਲ ਮਿਲ ਕੇ ਅਜਿਹਾ ਕਾਨੂੰਨ ਪੇਸ਼ ਕਰਨ ਲਈ ਕੰਮ ਕਰੇ ਜਿਹੜਾ **ਸੰਸਥਾਤਮਕ** ਭੇਦਭਾਵ ਨੂੰ ਘਟਾਉਣ ਵਿੱਚ ਸਹਾਇਤਾ ਕਰੇਗਾ ਅਤੇ ਪੁਲਸ, ਸਿਹਤ ਸੰਭਾਲ ਅਤੇ ਸਿੱਖਿਆ ਵਰਗੇ ਖੇਤਰਾਂ ਦਾ ਆਧੁਨਿਕੀਕਰਨ ਕਰਨ ਲਈ ਜ਼ਰੂਰੀ ਨਸਲਵਾਦ ਵਿਰੋਧੀ ਡਾਟਾ ਕਾਨੂੰਨ ਲਈ ਰਾਹ ਤਿਆਰ ਕਰੇਗਾ।

ਨਸਲਵਾਦ ਵਿਰੋਧੀ ਡਾਟਾ ਕੁਲੈਕਸ਼ਨ ਇਸ ਦੀ ਬਿਹਤਰ ਪਛਾਣ ਕਰਨ ਬਾਰੇ ਹੈ ਕਿ ਕਿਥੇ ਘਾਟਾਂ ਅਤੇ ਰੁਕਾਵਟਾਂ ਮੌਜੂਦ ਹਨ, ਤਾਂਕਿ ਅਸੀਂ ਭਾਈਚਾਰਿਆਂ ਵਾਸਤੇ ਬਿਹਤਰ ਸੇਵਾਵਾਂ ਮੁਹੱਈਆ ਕਰ ਸਕੀਏ।

ਹਿੱਸੇਦਾਰਾਂ (ਸਟੇਕਹੋਲਡਰਜ਼) ਦੀ ਅਤੇ ਜਨਤਕ ਸ਼ਮੂਲੀਅਤ ਦੀ ਅਗਵਾਈ ਸੰਸਦੀ ਸਕੱਤਰ ਦੁਆਰਾ ਕੀਤੀ ਜਾ ਰਹੀ ਹੈ ਅਤੇ ਇਹ 2020 ਦੇ ਅੰਤ ਵਿੱਚ ਜਾਰੀ ਕੀਤੀਆਂ ਗਈਆਂ ਦੋ ਮੁੱਖ ਰਿਪੋਰਟਾਂ ਦੀਆਂ ਖੋਜਾਂ ਅਤੇ ਸਿਫਾਰਸ਼ਾਂ ਤੇ ਅੱਗੇ ਹੋਰ ਕੰਮ ਕਰੇਗੀ।

- [ਇੰਨ ਪਲੇਨ ਸਾਇਟ (In Plain Sight): ਬੀ ਸੀ ਸਿਹਤ ਸੰਭਾਲ ਵਿੱਚ ਮੁੱਢਲੇ ਵਸਨੀਕਾਂ ਨਾਲ ਹੁੰਦੇ ਵਿਸ਼ੇਸ਼ ਨਸਲਵਾਦ ਅਤੇ ਭੇਦਭਾਵ ਨੂੰ ਸੰਬੋਧਿਤ ਕਰਨਾ]
- [ਬ੍ਰਿਟਿਸ਼ ਕੋਲੰਬੀਆ ਵਿੱਚ ਵੱਖਰਾ-ਵੱਖਰਾ ਜਨਅੰਕੜਾ ਡਾਟਾ ਸੰਕਲਨ: ਦਾ ਗਰੈਂਡਮਦਰ ਪਰਸਪੈਕਟਿਵ (The grandmother perspective)]

**ਆਪਣਾ ਤਜਰਬਾ ਸਾਂਝਾ ਕਰੋ**

ਸਾਨੂੰ ਸਰਕਾਰੀ ਸੇਵਾਵਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਆਉਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰਨ, ਘਾਟਾਂ ਦੀ ਪਛਾਣ ਕਰਨ ਅਤੇ ਬਿਹਤਰ ਸਹਾਇਤਾ ਪ੍ਰਦਾਨ ਕਰਨ ਲਈ ਵੱਖਰੇ ਵੱਖਰੇ ਅੰਕੜਿਆਂ ਦੀ ਜ਼ਰੂਰਤ ਹੈ। ਇਹ ਡਾਟਾ ਅਤੇ ਜਾਣਕਾਰੀ ਜੋ ਬੀ ਸੀ ਵਿੱਚ ਭਾਈਚਾਰਿਆਂ ਦੇ ਅਨੁਭਵਾਂ ਦੀ ਵਿਭਿੰਨਤਾ ਨੂੰ ਦਰਸਾਉਂਦੀ ਹੈ ਅਤੇ ਹਰ ਕਿਸੇ ਲਈ ਬਰਾਬਰੀ ਵਾਲਾ ਸੂਬਾ ਬਣਾਉਣ ਵਿੱਚ ਸਾਡੀ ਮਦਦ ਕਰੇਗੀ।

ਅਨੁਭਵ ਸਰਵੇ ਵਿਚ ਹਿੱਸਾ ਲਵੋ

**ਇੱਕ ਕਮਿਊਨਿਟੀ ਸਲਾਹ-ਮਸ਼ਵਰੇ ਦੀ ਮੇਜ਼ਬਾਨੀ ਕਰੋ**

ਕੀ ਤੁਸੀਂ ਇੱਕ ਸੰਗਠਨ, ਕਮਿਊਨਿਟੀ ਗਰੁੱਪ ਜਾਂ ਅਸੋਸੀਏਸ਼ਨ ਹੋ? ਕੀ ਤੁਹਾਡੇ ਕੋਲ ਅਜਿਹੇ ਮੈਂਬਰ ਹਨ ਜਿੰਨ੍ਹਾਂ ਕੋਲ ਨਸਲਵਾਦ ਵਿਰੋਧੀ ਡਾਟਾ ਕਾਨੂੰਨ ਬਾਰੇ ਸਾਂਝੀ ਕਰਨ ਲਈ ਬਹੁਮੁੱਲੀ ਸਲਾਹ ਹੈ? ਤੁਸੀਂ ਆਪਣੀ ਸਲਾਹ-ਮਸ਼ਵਰੇ ਦੀ ਮੇਜ਼ਬਾਨੀ ਕਰਨ ਲਈ ਗ੍ਰਾਂਟ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ।

ਹੋਰ ਜਾਣਕਾਰੀ ਪ੍ਰਾਪਤ ਕਰੋ

## ਅਗਲੇ ਕਦਮ

ਜਨਤਕ ਸ਼ਮੂਲੀਅਤ ਤੋਂ ਮਿਲੇ ਸਲਾਹ ਮਸ਼ਵਰੇ (ਫੀਡਬੈਕ) ਸਰਕਾਰ ਨੂੰ ਕਾਨੂੰਨ ਅਤੇ ਨੀਤੀਆਂ ਪੇਸ਼ ਕਰਨ ਅਤੇ ਸੋਧਣ ਵਿੱਚ ਸਹਾਇਤਾ ਕਰੇਗੀ ਜੋ ਹਰ ਬ੍ਰਿਟਿਸ਼ ਕੋਲੰਬੀਅਨ ਲਈ ਇੱਕ ਸੁਰੱਖਿਅਤ, ਵਧੇਰੇ ਸਮਾਵੇਸ਼ੀ ਸੂਬਾ ਬਣਾਉਣ ਵਿੱਚ ਸਹਾਇਤਾ ਕਰੇਗੀ। ਫੀਡਬੈਕ ਦਾ ਸਾਰ ਇਸ ਵੈੱਬਸਾਈਟ ਤੇ ਉਪਲਬਧ ਹੋਵੇਗਾ।

## ਸ਼ਮੂਲੀਅਤ ਟਾਈਮਲਾਈਨ

**ਆਦੇਸ਼ (ਮੈਨਡੇਟ)**

ਪ੍ਰੀਮੀਅਰ ਜੌਨ ਹੌਰਗਨ ਨੇ ਬੀ ਸੀ ਵਿੱਚ ਨਸਲੀ ਭੇਦਭਾਵ ਨਾਲ ਨਜਿੱਠਣ ਲਈ ਨਸਲਵਾਦ ਵਿਰੋਧੀ ਪਹਿਲ ਕਦਮੀ ਲਈ ਸੰਸਦੀ ਸਕੱਤਰ, ਰਚਨਾ ਸਿੰਘ ਨੂੰ ਆਦੇਸ਼ ਦਿੱਤਾ ਹੈ। ਆਦੇਸ਼ ਪੱਤਰ ਦੇ ਹਿੱਸੇ ਵਜੋਂ, ਸਰਕਾਰ ਨਵਾਂ ਕਾਨੂੰਨ ਲਿਆਉਣ ਜਾ ਰਹੀ ਹੈ ਜੋ ਸੰਸਥਾਤਮਕ ਭੇਦਭਾਵ ਨੂੰ ਘਟਾਏਗਾ ਅਤੇ ਨਸਲਵਾਦ ਵਿਰੋਧੀ ਡਾਟਾ ਕਾਨੂੰਨ ਲਈ ਰਾਹ ਤਿਆਰ ਕਰੇਗਾ। ਇਹ ਕਾਨੂੰਨ ਪੁਲਸ, ਸਿਹਤ ਸੰਭਾਲ ਅਤੇ ਸਿੱਖਿਆ ਵਰਗੇ ਖੇਤਰਾਂ ਦਾ ਆਧੁਨਿਕੀਕਰਨ ਕਰਨ ਵਿੱਚ ਸਹਾਇਤਾ ਕਰੇਗਾ।

**ਸ਼ੁਰੂਆਤੀ ਕੰਮ**

ਮਨੁੱਖੀ ਅਧਿਕਾਰ ਕਮਿਸ਼ਨਰ ਦੇ ਦਫਤਰ ਤੋਂ ਮਸ਼ਵਰਾ (ਇਨਪੁਟ) ਪ੍ਰਾਪਤ ਕੀਤਾ ਗਿਆ ਹੈ ਕਿ ਕਿਵੇਂ ਸਰਕਾਰ ਉਸ ਢੰਗ ਨਾਲ ਡਾਟਾ ਇਕੱਤਰ ਕਰ ਸਕਦੀ ਹੈ ਜੋ ਸਾਡੇ ਦੁਆਰਾ ਮੁਹੱਈਆ ਕੀਤੀਆਂ ਜਾ ਰਹੀਆਂ ਭਾਈਚਾਰਿਆਂ ਦੀਆਂ ਜ਼ਰੂਰਤਾਂ ਵਲਾਂ ਸੰਵੇਦਨਸ਼ੀਲ ਹੋਵੇ।

**ਚੋਣਵੇਂ ਮਸ਼ਵਰੇ**

ਸਿੰਘ ਨੇ ਫਸਟ ਨੇਸ਼ਨਜ਼ ਲੀਡਰਸ਼ਿੱਪ ਕਾਉਂਸਲ, ਮੌਡਰਨ ਟ੍ਰੀਟੀ ਅਲਾਇੰਸ ਦੇ ਅੱਠ ਮੈਂਬਰਾਂ, ਮੇਟੀ ਨੇਸ਼ਨ ਬੀਸੀ ਅਤੇ ਬੀਸੀ ਅਸੋਸੀਏਸ਼ਨ ਔਫ ਅਬੋਰਿਜਨਲ ਫਰੈਂਡਸ਼ਿੱਪ ਸੈਂਟਰਜ਼ ਨੂੰ ਸ਼ਮੂਲੀਅਤ ਅਤੇ ਸਹਿਯੋਗ ਦੇ ਮੌਕਿਆਂ ਬਾਰੇ ਚਰਚਾ ਕਰਨ ਲਈ ਮਿਲਣੀ ਦਾ ਸੱਦਾ ਦਿੱਤਾ।

**ਸ਼ਮੂਲੀਅਤ ਵੈੱਬਸਾਈਟ ਸ਼ੁਰੂ (ਲਾਂਚ)**

ਨਸਲਵਾਦ ਵਿਰੋਧੀ ਪਹਿਲ ਕਦਮੀ ਸਬੰਧੀ ਸ਼ਮੂਲੀਅਤ ਵੈੱਬਸਾਈਟ ਸ਼ੁਰੂ ਕੀਤੀ ਗਈ ਜਿਥੇ ਵਿਅਕਤੀ ਨਵੀਂ ਜਾਣਕਾਰੀ ਪ੍ਰਾਪਤ ਕਰਨ ਲਈ ਆਪਣਾ ਨਾਂ ਦੇ ਸਕਦੇ ਹਨ।

**ਭਾਈਚਾਰਿਕ ਮਿਲਣੀਆਂ (ਕਮਿਊਨਿਟੀ ਮੀਟਿੰਗਾਂ)**

ਅਪ੍ਰੈਲ ਅਤੇ ਮਈ 2021 ਵਿੱਚ, ਸਿੰਘ ਨੇ ਇੰਡਿਜਨਸ ਲੀਡਰਸ਼ਿਪ ਦੀ ਪ੍ਰਤੀਨਿਧਤਾ ਕਰਨ ਵਾਲੇ 10 ਮੁੱਖ ਭਾਈਵਾਲਾਂ ਅਤੇ ਸੰਗਠਨਾਂ ਦੇ ਨਾਲ ਹੀ ਅਫਰੀਕਨ ਪਿਛੋਕੜ ਵਾਲਿਆਂ ਅਤੇ ਹੋਰ ਨਸਲੀ ਭਾਈਚਾਰੇ ਦੇ ਮੈਂਬਰਾਂ ਦੀ ਅਗਵਾਈ ਵਾਲੀਆਂ ਸਲਾਹਕਾਰ ਕਮੇਟੀਆਂ ਅਤੇ ਸੰਸਥਾਵਾਂ ਦੇ ਨਾਲ ਮੁਲਾਕਾਤ ਕੀਤੀ ਜੋ ਸਾਰੇ ਸੂਬੇ ਵਿੱਚ ਨਸਲਵਾਦ ਵਿਰੋਧੀ ਪਹਿਲ ਕਦਮੀ ਦਾ ਸਮਰਥਨ ਕਰਨ ਲਈ ਰਿਜ਼ਿਲੀਐਂਸ ਬੀਸੀ ਐਂਟੀ-ਰੇਸਿਜ਼ਮ ਨੈੱਟਵਰਕ ਅਤੇ ਹੋਰ ਖੇਤਰਾਂ ਰਾਹੀਂ ਸਰਕਾਰ ਨਾਲ ਕੰਮ ਕਰਦੇ ਹਨ। ਅਸੀਂ ਕੀ ਸੁਣਿਆ ਰਿਪੋਰਟ ਪੜ੍ਹੋ।

**ਨਸਲਵਾਦ ਵਿਰੋਧੀ ਡਾਟਾ ਕਾਨੂੰਨ ਜਨਤਕ ਸ਼ਮੂਲੀਅਤ**

ਸਾਡੇ ਹਿੱਸੇਦਾਰਾਂ ਅਤੇ ਇੰਡਿਜਨਸ ਲੀਡਰਸ਼ਿੱਪ ਦੀ ਸਲਾਹ ਦੇ ਅਧਾਰ ਤੇ, ਸੂਬੇ ਨੇ ਨਸਲਵਾਦ ਵਿਰੋਧੀ ਡਾਟਾ ਕਾਨੂੰਨ ’ਤੇ ਵਿਆਪਕ ਜਨਤਕ ਸ਼ਮੂਲੀਅਤ ਦੀ ਸ਼ੁਰੂਆਤ ਕੀਤੀ।

# ਕਮਿਊਨਿਟੀ ਗ੍ਰਾਂਟ ਜਾਣਕਾਰੀ

## ਸ਼ਮੂਲੀਅਤ ਦਾ ਅਮਲ ਕਿਵੇਂ ਕੰਮ ਕਰਦਾ ਹੈ

ਸੂਬਾ ਨਸਲਵਾਦ ਵਿਰੋਧੀ ਡੇਟਾ ਕਾਨੂੰਨ ਦੇ ਵਿਕਾਸ ਬਾਰੇ ਵਿਭਿੰਨ ਨਸਲੀ ਸਭਿਆਚਾਰਕ ਅਤੇ ਨਸਲੀ ਭਾਈਚਾਰਿਆਂ ਤੋਂ ਮਸ਼ਵਰੇ (ਇਨਪੁਟ) ਦੀ ਮੰਗ ਕਰ ਰਿਹਾ ਹੈ।

ਆਪਣੇ ਮੈਂਬਰਾਂ ਨਾਲ ਗੱਲਬਾਤ ਦੀ ਮੇਜ਼ਬਾਨੀ ਕਰਨ ਦੇ ਚਾਹਵਾਨ ਭਾਈਚਾਰਿਆਂ ਦਾ ਸਮਰਥਨ ਕਰਨ ਲਈ, ਭਾਈਚਾਰਿਆਂ ਨੂੰ ਇੱਕ ਸਹਿਯੋਗੀ ਪ੍ਰਕਿਰਿਆ ਵਿੱਚ ਸਲਾਹ-ਮਸ਼ਵਰਾ ਕਰਨ ਲਈ ਸ਼ਮੂਲੀਅਤ ਟੀਮ ਨਾਲ ਕੰਮ ਕਰਨ ਵਾਸਤੇ $50,000 ਤੱਕ ਦਾ ਫੰਡ ਉਪਲਬਧ ਕਰਵਾਇਆ ਗਿਆ ਹੈ।

ਅਰਜ਼ੀਆਂ 30 ਸਤੰਬਰ, 2021 ਤੱਕ ਲੀਆਂ ਜਾਣਗੀਆਂ, ਜਾਂ ਜਦੋਂ ਤੱਕ ਫੰਡ ਪੂਰੀ ਤਰ੍ਹਾਂ ਅਲਾਟ ਨਹੀਂ ਹੋ ਜਾਂਦੇ, ਜੋ ਵੀ ਪਹਿਲਾਂ ਆਵੇ।

ਕਮਿਊਨਿਟੀ ਭਾਈਵਾਲ ਅਤੇ ਸੰਸਥਾਵਾਂ ਇਸ ਪੰਨੇ ਰਾਹੀਂ ਫੰਡਿੰਗ ਲਈ ਅਰਜ਼ੀ ਦੇ ਸਕਦੇ ਹਨ, ਅਤੇ ਜੇ ਸਫਲ ਹੁੰਦੇ ਹਨ ਤਾਂ ਸੂਬੇ ਦੇ ਨਾਲ ਭਾਈਵਾਲੀ ਵਿੱਚ ਕਮਿਊਨਿਟੀ ਸ਼ਮੂਲੀਅਤ ਸੈਸ਼ਨਾਂ ਨੂੰ ਚਲਾਉਣ ਲਈ ਫੰਡ ਦਿੱਤੇ ਜਾਣਗੇ।
ਸਫਲ ਬਿਨੈਕਾਰ ਆਪਣੇ ਭਾਈਚਾਰਿਆਂ ਨਾਲ ਸ਼ਮੂਲੀਅਤ ਦੀਆਂ ਗਤੀਵਿਧੀਆਂ ਨੂੰ ਤਿਆਰ ਕਰਨ, ਚਲਾਉਣ ਅਤੇ ਰਿਪੋਰਟ ਕਰਨ ਲਈ ਇੱਕ ਸ਼ਮੂਲੀਅਤ ਮਾਹਰ ਦੇ ਨਾਲ ਕੰਮ ਕਰਨਗੇ।

## ਫੰਡਿੰਗ

ਨਸਲੀ-ਸੱਭਿਆਚਾਰਕ ਅਤੇ ਨਸਲੀ ਭਾਈਚਾਰਕ ਸੰਗਠਨਾਂ ਨੂੰ ਉਨ੍ਹਾਂ ਦੇ ਭਾਈਚਾਰਿਆਂ ਵਿੱਚ ਸ਼ਮੂਲੀਅਤ ਦੇ ਸੈਸ਼ਨ ਆਯੋਜਿਤ ਕਰਨ ਲਈ $50,000 ਤੱਕ ਦੀ ਫੰਡਿੰਗ ਉਪਲਬਧ ਕਰਵਾਈ ਗਈ ਹੈ। ਫੰਡਿੰਗ ਇੱਕ ਸਲਾਈਡਿੰਗ ਪੈਮਾਨੇ ਅਨੁਸਾਰ ਉਪਲਬਧ ਹੋਵੇਗੀ, ਅਤੇ ਜਿਵੇਂ ਜਿਵੇਂ ਅਰਜੀਆਂ ਆਉਣ ਅਤੇ ਉਹਨਾਂ ਦਾ ਮੁਲਾਂਕਣ ਕਰਨ ਦਾ ਕੰਮ ਅਮਲ ਅਨੁਸਾਰ ਕੀਤਾ ਜਾਵੇਗਾ।
ਐਪਲੀਕੇਸ਼ਨ ਸਿਰਫ ਅੰਗਰੇਜ਼ੀ ਵਿੱਚ ਉਪਲਬਧ ਹੈ।

ਇਥੇ ਅਪਲਾਈ ਕਰੋ

## ਅਰਜ਼ੀ ਦੀਆਂ ਜ਼ਰੂਰਤਾਂ

ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਯੋਗ ਹੋ ਅਤੇ ਅਰਜ਼ੀ ਦੇਣ ਤੋਂ ਪਹਿਲਾਂ ਮਾਪਦੰਡਾਂ ਨੂੰ ਪੂਰੀ ਤਰ੍ਹਾਂ ਪੂਰਾ ਕਰਦੇ ਹੋ, ਕਿਰਪਾ ਕਰਕੇ ਫਾਰਮ ਅਤੇ ਚੈਕਲਿਸਟ ਵੇਖੋ।

## ਰਿਪੋਰਟਿੰਗ ਦੀਆਂ ਜ਼ਰੂਰਤਾਂ

ਤੁਸੀਂ ਫੰਡਾਂ ਦੀ ਵਰਤੋਂ ਕਿਵੇਂ ਕੀਤੀ ਹੈ ਅਤੇ ਸ਼ਮੂਲੀਅਤ ਪ੍ਰਕਿਰਿਆ ਦੇ ਨਤੀਜਿਆਂ ਬਾਰੇ ਰਿਪੋਰਟ ਪੇਸ਼ ਕਰਨ ਲਈ ਤੁਹਾਨੂੰ ਸ਼ਮੂਲੀਅਤ ਲੀਡ ਦੇ ਨਾਲ ਕੰਮ ਕਰਨ ਦੀ ਜ਼ਰੂਰਤ ਹੋਏਗੀ।

ਇਸ ਵਿੱਚ ਸ਼ਾਮਲ ਹੋਣਗੇ:

- ਭਾਗੀਦਾਰਾਂ ਦੀ ਸੰਖਿਆ, ਉਨ੍ਹਾਂ ਦੀ ਆਮ ਭੂਗੋਲਿਕ ਸਥਿਤੀ ਦੇ ਨਾਲ ਨਾਲ ਜਨਸੰਖਿਆ ਸੰਬੰਧੀ ਹੋਰ ਢੁੱਕਵੇਂ ਡਾਟਾ ਦੇ ਵੇਰਵੇ।
- ਸਮੁੱਚੀ ਸ਼ਮੂਲੀਅਤ ਪ੍ਰਕਿਰਿਆ ਦਾ ਇੱਕ ਉੱਚ ਪੱਧਰੀ ਸਾਰ
- ਸ਼ਮੂਲੀਅਤ ਸੈਸ਼ਨ (ਜਾਂ ਸੈਸ਼ਨਾਂ ਦੇ ਦੌਰਾਨ ਜੇ ਬਹੁਤ ਸਾਰਿਆਂ ਦੀ ਮੇਜ਼ਬਾਨੀ ਕਰ ਰਹੇ ਹੋ) ਦੇ ਦੌਰਾਨ ਪ੍ਰਦਾਨ ਕੀਤੇ ਪ੍ਰਸ਼ਨਾਂ ਦੇ ਉੱਤਰ ਪ੍ਰਦਾਨ ਕਰੋ ।
- ਜੇ ਪ੍ਰਸਤਾਵਿਤ ਬਜਟ ਵਿੱਚ ਕੋਈ ਤਬਦੀਲੀਆਂ ਹੋਈਆਂ ਸਨ, ਤਾਂ ਇਹਨਾਂ ਤਬਦੀਲੀਆਂ ਬਾਰੇ 2-4 ਬੁਲੇਟ ਪੁਆਇੰਟ ਪ੍ਰਦਾਨ ਕਰੋ

## ਗ੍ਰਾਂਟ ਦੀ ਵਰਤੋਂ ਕਿਵੇਂ ਕਰੀਏ

### ਯੋਗ ਗ੍ਰਾਂਟ ਖਰਚੇ

ਯੋਗ ਖਰਚੇ ਸ਼ਮੂਲੀਅਤ ਸੈਸ਼ਨਾਂ ਨੂੰ ਚਲਾਉਣ ਲਈ ਲੋੜੀਂਦੇ ਸਿੱਧੇ ਖਰਚਿਆਂ ਲਈ ਹੋਣਾ ਜ਼ਰੂਰੀ ਹੈ। ਗ੍ਰਾਂਟ ਪ੍ਰਾਪਤਕਰਤਾ ਹੇਠ ਲਿਖੀਆਂ ਸ਼੍ਰੇਣੀਆਂ ਵਿੱਚੋਂ ਇੱਕ ਜਾਂ ਵਧੇਰੇ ਵਿੱਚ ਫੰਡ ਖਰਚ ਕਰ ਸਕਦੇ ਹਨ:

- ਇਵੈਂਟ ਜਾਂ ਵਰਕਸ਼ਾਪ ਸਮੱਗਰੀਆਂ, ਜਿਵੇਂ ਕਿ:
  - ਪੈਨ, ਕਾਗਜ਼ ਅਤੇ ਹੋਰ ਲੋੜੀਂਦਾ ਸਮਾਨ
- ਫੀਸਾਂ, ਜਿਵੇਂ ਕਿ:
  - ਪ੍ਰੋਜੈਕਟ ਕੋਆਰਡੀਨੇਟਰ ਦੀਆਂ ਫੀਸਾਂ
  - ਫੈਸਿਲਿਟੇਟਰਾਂ ਦੀਆਂ ਫੀਸਾਂ
  - ਵਰਕਸ਼ਾਪ ਫੀਸਾਂ
- ਭੋਜਨ ਅਤੇ ਪੀਣ ਵਾਲੇ ਪਦਾਰਥ, ਜਿਵੇਂ ਕਿ:
  - ਭਾਗੀਦਾਰਾਂ ਅਤੇ ਵਲੰਟੀਅਰਾਂ ਲਈ ਭੋਜਨ ਅਤੇ ਗੈਰ-ਅਲਕੋਹਲ ਵਾਲੇ ਪੀਣ ਵਾਲੇ ਪਦਾਰਥ
- ਮਾਣ ਭੱਤੇ (Honorariums), ਫੀਸਾਂ ਅਤੇ ਇਕਰਾਰਨਾਮੇ ਦੇ ਸਮਝੌਤੇ, ਜਿਵੇਂ ਕਿ:
  - ਇੰਡਿਜਨਸ ਜਾਂ ਹੋਰ ਸਭਿਆਚਾਰਕ ਬਜ਼ੁਰਗ
  - ਫੈਸਿਲਿਟੇਟਰ, ਬੁਲਾਰੇ, ਅਤੇ ਸਭਿਆਚਾਰਕ ਵਰਕਰ
  - ਤਕਨੀਸ਼ੀਅਨ
  - **ਨੋਟ:** ਹਿੱਤਾਂ ਦੇ ਟਕਰਾਵਾਂ ਦੀ ਪਹਿਲਾਂ ਤੋਂ ਪਛਾਣ ਕਰਨ ਦੀ ਲੋੜ ਹੈ
- ਮਾਰਕੀਟਿੰਗ ਅਤੇ ਸੰਚਾਰ, ਜਿਵੇਂ ਕਿ:
  - ਅਖ਼ਬਾਰਾਂ ਦੇ ਇਸ਼ਤਿਹਾਰ
  - ਗ੍ਰਾਫਿਕ ਡਿਜ਼ਾਈਨ ਫੀਸਾਂ
- ਲੋੜੀਂਦਾ ਸਮਾਨ ਕਿਰਾਏ ਤੇ ਲੈਣਾ, ਜਿਵੇਂ ਕਿ:
  - ਲਾਈਟਿੰਗ, ਸਾਉਂਡ ਅਤੇ ਆਡੀਓ-ਵਿਜ਼ੁਅਲ
  - ਖੇਡਾਂ ਦਾ ਸਮਾਨ
- ਕੋਵਿਡ-19 ਪ੍ਰੋਟੋਕੋਲ ਸੰਬੰਧੀ ਲਾਗਤਾਂ, ਜਿਵੇਂ ਕਿ:
  - ਨਿੱਜੀ ਸੁਰੱਖਿਆ ਲਈ ਲੋੜੀਂਦਾ ਸਮਾਨ

    - ਔਨਲਾਈਨ ਹੋਸਟਿੰਗ ਫੀਸਾਂ
    - ਡਿਜੀਟਲ ਸਮੱਗਰੀ ਦਾ ਨਿਰਮਾਣ
    - ਵਰਚੁਅਲ ਤਕਨਾਲੋਜੀ ਸੰਬੰਧੀ ਜ਼ਰੂਰਤਾਂ
    - ਪ੍ਰੋਗਰਾਮ ਡਿਲਿਵਰੀ ਦੇ ਸਮੇਂ ਤੇ ਕੋਵਿਡ-19 ਪ੍ਰੋਟੋਕੋਲਾਂ ਦੇ ਕਾਰਨ ਹੋਏ ਹੋਰ ਸੰਬੰਧਤ ਖਰਚੇ
- ਆਵਾਜਾਈ ਦੇ ਖਰਚੇ ਜਿੱਥੇ ਆਵਾਜਾਈ ਭਾਗੀਦਾਰੀ ਵਿੱਚ ਰੁਕਾਵਟ ਹੈ
- ਜਗ੍ਹਾ ਦਾ ਕਿਰਾਇਆ
- ਵਲੰਟੀਅਰਾਂ ਦੇ ਖਰਚੇ

### ਅਯੋਗ ਗ੍ਰਾਂਟ ਖਰਚੇ

ਹੇਠ ਲਿਖੀਆਂ ਸ਼੍ਰੇਣੀਆਂ ਵਿੱਚੋਂ ਇੱਕ ਜਾਂ ਵਧੇਰੇ ਵਿੱਚ ਖਰਚਿਆਂ ਨੂੰ ਪੂਰਾ ਕਰਨ ਲਈ ਗ੍ਰਾਂਟ ਫੰਡਿੰਗ ਦੀ ਮੰਗ ਕਰਨ ਵਾਲੀਆਂ ਅਰਜ਼ੀਆਂ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ:

- ਤਨਖਾਹਾਂ ਅਤੇ ਫੀਸਾਂ ਜਿਹੜੀਆਂ ਪ੍ਰਾਜੈਕਟ ਨੂੰ ਡਿਲਿਵਰ ਕਰਨ ਨਾਲ ਸਿੱਧੇ ਤੌਰ ਤੇ ਸੰਬੰਧਤ ਨਹੀਂ ਹਨ
- ਪੂੰਜੀ ਪ੍ਰਾਜੈਕਟ
- ਪ੍ਰਮੁੱਖ ਲੋੜੀਂਦੇ ਸਮਾਨ ਦੀ ਖਰੀਦਦਾਰੀ
- ਸ਼ਰਾਬ

- ਲਗਾਤਾਰ ਆਉਣ ਵਾਲੇ ਵਪਾਰਕ ਖਰਚੇ, ਜਿਵੇਂ ਕਿ:
    - ਦਫਤਰ ਦੀ ਜਗ੍ਹਾ ਦਾ ਕਿਰਾਇਆ
    - ਯੁਟਿਲਟੀ, ਟੈਲੀਫੋਨ ਅਤੇ ਹੋਰ ਆਵਰਤੀ ਖਰਚੇ